# COVID-19 ਦੀ ਜਾਂਚ ਅਤੇ ਇਸਦਾ ਇਲਾਜ

ਭਾਂਵੇਂ ਕਿ ਜੇ ਤੁਹਾਡੇ ਕੋਲ ਵੀਜ਼ਾ ਨਹੀਂ ਵੀ ਹੈ, ਜਾਂ ਤੁਹਾਨੂੰ ਆਪਣੇ ਵੀਜ਼ੇ ਦੀ ਸਥਿੱਤੀ ਬਾਰੇ ਪੱਕਾ ਯਕੀਨ ਨਹੀਂ ਹੈ, ਤੁਹਾਨੂੰ ਜਨਤਕ ਸਿਹਤ ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ, ਡਾਕਟਰੀ ਇਲਾਜ ਕਰਵਾਓ ਅਤੇ COVID-19 ਵਾਸਤੇ ਜਾਂਚ ਕਰਵਾਓ।

ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ COVID-19 ਦੀ ਮੁਫਤ ਜਾਂਚ ਅਤੇ ਇਲਾਜ ਦੀ ਪੇਸ਼ਕਸ਼ ਕਰ ਰਹੀਆਂ ਹਨ।

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ
- ਨਿਊ ਸਾਊਥ ਵੇਲਜ਼
- ਨੌਰਦਰਨ ਟੈਰੀਟਰੀ
- ਕਈਂਜ਼ਲੈਂਡ
- ਸਾਊਥ ਆਸਟ੍ਰੇਲੀਆ
- ਤਸਮਾਨੀਆ
- ਵਿਕਟੋਰੀਆ
- ਵੈਸਟਰਨ ਆਸਟ੍ਰੇਲੀਆ

**ਵਿਕਟੋਰੀਆ ਵਿੱਚ ਪ੍ਰਵਾਸ ਸਬੰਧੀ ਡਾਕਟਰੀ ਜਾਂਚਾਂ (Immigration Medical Examinations)**

COVID-19 ਦੀਆਂ ਹੋਰ ਪਾਬੰਦੀਆਂ ਦੇ ਕਰਕੇ, ਵਿਕਟੋਰੀਆ ਵਿੱਚ ਸਾਰੀਆਂ ਪ੍ਰਵਾਸ ਡਾਕਟਰੀ ਜਾਂਚਾਂ ਆਰਜ਼ੀ ਤੌਰ ਤੇ ਬੰਦ ਹੋ ਗਈਆਂ ਹਨ। ਇਸ ਦੀ ਸਮੀਖਿਆ ਜਨਤਕ ਸਿਹਤ ਦੇ ਅਗਲੇਰੇ ਐਲਾਨਾਂ ਦੇ ਅਨੁਸਾਰ ਕੀਤੀ ਜਾਵੇਗੀ।

# ਮੇਰੇ ਕੋਲ ਛੁੱਟੀਆਂ ਦੌਰਾਨ ਕੰਮ ਕਰਨ ਵਾਲਾ (Working Holiday Maker) ਵੀਜ਼ਾ ਹੈ

ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਵੀਜ਼ੇ (WHM) ਵਧਾਏ ਨਹੀਂ ਜਾ ਸਕਦੇ ਹਨ। ਪਰ ਜੇ ਤੁਸੀਂ ਆਸਟ੍ਰੇਲੀਆ ਵਿੱਚ ਤਿੰਨ ਜਾਂ ਛੇ ਮਹੀਨਿਆਂ ਲਈ 'ਨਿਰਧਾਰਿਤ ਕੰਮ' ਪੂਰਾ ਕੀਤਾ ਹੈ, ਤੁਸੀਂ ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਦੂਸਰੇ ਜਾਂ ਤੀਸਰੇ ਵੀਜ਼ੇ WHM ਲਈ ਅਰਜ਼ੀ ਪਾਉਣ ਦੇ ਯੋਗ ਹੋ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਨਿਰਧਾਰਿਤ ਕੰਮ ਦੀਆਂ ਸ਼ਰਤਾਂ ਵੇਖੋ।

ਛੁੱਟੀਆਂ ਦੌਰਾਨ ਕੰਮ ਕਰਨ ਵਾਲੇ (WHMs) ਹੁਣ 31 ਜਨਵਰੀ 2020 ਤੋਂ ਬਾਅਦ ਆਸਟ੍ਰੇਲੀਆ ਵਿੱਚ ਕੀਤੇ ਗਏ ਸਿਹਤ-ਸੰਭਾਲ ਅਤੇ ਡਾਕਟਰੀ ਖੇਤਰਾਂ ਵਿੱਚ ਕੀਤੇ ਅਹਿਮ COVID-19 ਕੰਮਾਂ ਨੂੰ ਦੂਜੇ ਜਾਂ ਤੀਜੇ WHM ਵੀਜ਼ੇ ਵਾਸਤੇ ਅਰਜ਼ੀ ਦੇਣ ਲਈ 'ਨਿਰਧਾਰਿਤ ਕੰਮ' ਵਜੋਂ ਗਿਣ ਸਕਦੇ ਹਨ। ਵਧੇਰੇ ਜਾਣਕਾਰੀ ਲਈ ਤਾਜ਼ਾ ਖ਼ਬਰਾਂ ਵੇਖੋ।

ਜੇ ਤੁਸੀਂ ਦੂਸਰੇ ਜਾਂ ਤੀਸਰੇ WHM ਵੀਜ਼ੇ ਲਈ ਅਰਜ਼ੀ ਪਾਉਣ ਦੇ ਯੋਗ ਨਹੀਂ ਹੋ ਅਤੇ ਤੁਸੀਂ COVID-19 ਦੇ ਨਾਜ਼ੁਕ ਸੈਕਟਰ ਵਿੱਚ ਕੰਮ ਨਹੀਂ ਕਰ ਰਹੇ ਹੋ, ਤੁਹਾਨੂੰ ਕਿਸੇ ਦੂਸਰੇ ਵੀਜ਼ੇ ਲਈ ਅਰਜ਼ੀ ਦੇਣੀ ਚਾਹੀਦੀ ਹੈ। ਇਹ ਤੁਹਾਨੂੰ ਕਾਨੂੰਨੀ ਤੌਰ ਤੇ ਰਹਿਣ ਦੀ ਆਗਿਆ

ਦੇਵਾਗਾ ਜਦ ਤੱਕ ਕਿ ਤੁਸੀਂ ਆਪਣੇ ਮੂਲ ਦੇਸ਼ ਨੂੰ ਵਾਪਸ ਜਾਣ ਦੇ ਯੋਗ ਨਹੀਂ ਹੋ ਜਾਂਦੇ ਹੋ। COVID-19 ਵਾਸਤੇ ਨਾਜ਼ੁਕ ਖੇਤਰ ਹਨ, ਖੇਤੀਬਾੜੀ, ਭੋਜਨ ਡੱਬਾਬੰਦ ਕਰਨਾ, ਸਿਹਤ ਸੰਭਾਲ ਅਤੇ ਡਾਕਟਰੀ, ਬਜ਼ੁਰਗਾਂ ਤੇ ਅਪੰਗ ਲੋਕਾਂ ਦੀ ਸੰਭਾਲ ਅਤੇ ਬੱਚਿਆਂ ਦੀ ਸੰਭਾਲ।

ਤੁਹਾਡੇ ਹਾਲਾਤਾਂ ਦੇ ਆਧਾਰ ਤੇ, ਤੁਸੀਂ ਸ਼ਾਇਦ ਵਿਜ਼ਟਰ ਵੀਜ਼ੇ (ਸਬਕਲਾਸ 600) ਦੇ ਯੋਗ ਹੋ ਸਕਦੇ ਹੋ।

ਨਵੇਂ ਵੀਜ਼ਾ ਜਾਰੀ ਕਰਨ ਵਾਸਤੇ, ਤੁਹਾਨੂੰ ਉਮਰ ਦੀਆਂ ਸੀਮਾਵਾਂ, ਅੰਗਰੇਜ਼ੀ ਭਾਸ਼ਾ, ਸਿਹਤ ਅਤੇ ਕਿਰਦਾਰ ਦੀਆਂ ਜ਼ਰੂਰਤਾਂ ਸਮੇਤ ਉਸ ਵੀਜ਼ੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਪਵੇਗਾ।

## ਦੂਸਰੇ ਜਾਂ ਤੀਸਰੇ WHM ਵੀਜ਼ੇ ਲਈ ਅਰਜ਼ੀ ਪਾਉਣਾ

ਤੁਸੀਂ ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਦੂਸਰੇ ਜਾਂ ਤੀਸਰੇ ਵੀਜ਼ੇ (ਸਬਕਲਾਸ 417) ਵੀਜ਼ਾ ਜਾਂ ਕੰਮ ਤੇ ਛੁੱਟੀਆਂ (ਸਬਕਲਾਸ 462) ਵੀਜ਼ੇ ਦੇ ਯੋਗ ਹੋ ਸਕਦੇ ਹੋ। ਵਿਭਾਗ ਦੀ ਵੈਬਸਾਈਟ ਤੋਂ ਪਤਾ ਕਰੋ ਕਿ ਜੇ ਤੁਸੀਂ ਯੋਗ ਹੋ ਅਤੇ ਅਰਜ਼ੀ ਕਿਵੇਂ ਦੇਣੀ ਹੈ:

- ਦੂਸਰੀਆਂ ਕੰਮ ਵਾਲੀਆਂ ਛੁੱਟੀਆਂ (Second Working Holiday) (ਸਬਕਲਾਸ 417) ਵੀਜ਼ਾ
- ਤੀਸਰੀਆਂ ਕੰਮ ਵਾਲੀਆਂ ਛੁੱਟੀਆਂ (Third Working Holiday) (ਸਬਕਲਾਸ 417) ਵੀਜ਼ਾ
- ਦੂਸਰਾ ਕੰਮ ਅਤੇ ਛੁੱਟੀਆਂ (Second Work and Holiday) (ਸਬਕਲਾਸ 462) ਵੀਜ਼ਾ
- ਤੀਸਰਾ ਕੰਮ ਅਤੇ ਛੁੱਟੀਆਂ (Third Work and Holiday) (ਸਬਕਲਾਸ 462) ਵੀਜ਼ਾ

ਇਸ ਤੋਂ ਪਹਿਲਾਂ ਕਿ ਤੁਹਾਡਾ ਚਲੰਤ ਵੀਜ਼ਾ ਮੁੱਕੇ ਤੁਸੀਂ ਲਾਜ਼ਮੀ ਨਵੇਂ ਵੀਜ਼ੇ ਲਈ ਅਰਜ਼ੀ ਦਿਓ। ਤੁਹਾਨੂੰ ਬਰਿਜਿੰਗ ਵੀਜ਼ਾ ਦਿੱਤਾ ਜਾ ਸਕਦਾ ਹੈ ਜੋ ਕਿ ਤੁਹਾਨੂੰ ਕਾਨੂੰਨੀ ਤੌਰ ਤੇ ਰਹਿਣ ਦੀ ਆਗਿਆ ਦੇਵੇਗਾ ਜਦ ਤੱਕ ਤੁਹਾਡੀ ਵੀਜ਼ੇ ਦੀ ਅਰਜ਼ੀ ਦਾ ਫੈਸਲਾ ਨਹੀਂ ਹੋ ਜਾਂਦਾ ਹੈ।

## ਵੀਜ਼ੇ ਦੀ ਸ਼ਰਤ 8547 – ਇਕ ਰੁਜ਼ਗਾਰਦਾਤੇ ਨਾਲ ਛੇ ਮਹੀਨਿਆਂ ਦੇ ਕੰਮ ਦੀ ਹੱਦ

ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਆਪਣੇ ਆਸਟ੍ਰੇਲੀਆ ਠਹਿਰਣ ਦੇ ਸਮੇਂ ਕੋਈ ਵੀ ਕੰਮ ਕਰ ਸਕਦੇ ਹਨ, ਪਰ ਇਹ ਆਮ ਤੌਰ ਤੇ ਇਕ ਰੁਜ਼ਗਾਰਦਾਤੇ ਨਾਲ ਛੇ ਮਹੀਨਿਆਂ ਤੱਕ ਹੀ ਸੀਮਤ ਹੁੰਦਾ ਹੈ, ਜਦ ਤੱਕ ਕਿ ਵਿਭਾਗ ਉਸੇ ਰੁਜ਼ਗਾਰਦਾਤੇ ਨਾਲ ਛੇ ਮਹੀਨਿਆਂ ਤੋਂ ਜ਼ਿਆਦਾ ਕੰਮ ਕਰਨ ਦੀ ਆਗਿਆ ਨਾ ਦੇ ਦੇਵੇ।

ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਜੋ ਖੇਤੀਬਾੜੀ, ਭੋਜਨ ਡੱਬੇ ਬੰਦ, ਸਿਹਤ ਸੰਭਾਲ ਅਤੇ ਡਾਕਟਰੀ, ਬਜ਼ੁਰਗਾਂ ਦੀ ਸੰਭਾਲ, ਵਿਕਲਾਂਗ ਲੋਕਾਂ ਦੀ ਸੰਭਾਲ ਅਤੇ ਬਾਲ-ਸੰਭਾਲ ਵਰਗੇ ਨਾਜ਼ੁਕ ਖੇਤਰਾਂ ਵਿੱਚ ਨੌਕਰੀਆਂ ਕਰ ਰਹੇ ਹਨ, ਉਹਨਾਂ ਨੂੰ ਵਿਭਾਗ ਵੱਲੋਂ ਉਸੇ ਰੁਜ਼ਗਾਰਦਾਤੇ ਨਾਲ ਛੇ ਮਹੀਨਿਆਂ ਤੋਂ ਜ਼ਿਆਦਾ ਕੰਮ ਕਰਨ ਦੀ ਆਗਿਆ ਪ੍ਰਾਪਤ ਹੈ।

## ਮੈਂ ਨਾਜ਼ੁਕ ਖੇਤਰ ਵਿੱਚ ਕੰਮ ਕਰਦਾ ਹਾਂ

ਛੁੱਟੀਆਂ ਦੌਰਾਨ ਕੰਮ ਕਰਨ ਵਾਲੇ (WHMs) ਹੁਣ 31 ਜਨਵਰੀ 2020 ਤੋਂ ਬਾਅਦ ਆਸਟ੍ਰੇਲੀਆ ਵਿੱਚ ਕੀਤੇ ਗਏ ਸਿਹਤ-ਸੰਭਾਲ ਅਤੇ ਡਾਕਟਰੀ ਖੇਤਰਾਂ ਵਿੱਚ ਕੀਤੇ ਅਹਿਮ COVID-19 ਕੰਮਾਂ ਨੂੰ ਦੂਜੇ ਜਾਂ ਤੀਜੇ WHM ਵੀਜ਼ੇ ਵਾਸਤੇ ਅਰਜ਼ੀ ਦੇਣ ਲਈ 'ਨਿਰਧਾਰਿਤ ਕੰਮ' ਵਜੋਂ ਗਿਣ ਸਕਦੇ ਹਨ। ਵਧੇਰੇ ਜਾਣਕਾਰੀ ਲਈ ਤਾਜ਼ਾ ਖ਼ਬਰਾਂ ਵੇਖੋ।

ਇਹਨਾਂ ਨਾਜ਼ੁਕ ਖੇਤਰਾਂ ਵਿੱਚ ਨੌਕਰੀਆਂ ਕਰ ਰਹੇ ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਜੋ ਕਿ ਦੂਸਰੇ ਜਾਂ ਤੀਸਰੇ WHM ਵੀਜ਼ੇ ਲਈ ਅਰਜ਼ੀ ਪਾਉਣ ਦੇ ਯੋਗ ਨਹੀਂ ਹਨ, ਅਤੇ ਉਹ ਆਪਣੇ ਦੇਸ਼ ਵਾਪਸ ਨਹੀਂ ਮੁੜ ਸਕਦੇ ਹਨ ਉਹ ਆਰਜ਼ੀ ਐਕਟਿਵਟੀ ਵੀਜ਼ੇ (subclass 408) ਆਸਟ੍ਰੇਲੀਆ ਦੀ ਸਰਕਾਰ ਵੱਲੋਂ ਸਮਰਥਿਤ ਇਕਰਾਰਨਾਮਾ ਘਟਨਾ ਸਟਰੀਮ (COVID-19 ਮਹਾਂਮਾਰੀ ਘਟਨਾ ਵੀਜ਼ੇ) ਲਈ ਅਰਜ਼ੀ ਪਾ ਸਕਦੇ ਹਨ। ਵੀਜ਼ੇ ਦੀ ਅਰਜ਼ੀ ਪਾਉਣ ਲਈ ਕੋਈ ਫੀਸ ਨਹੀਂ ਲੱਗੇਗੀ।

ਇਹ ਵੀਜ਼ਾ ਤੁਹਾਨੂੰ ਆਸਟ੍ਰੇਲੀਆ ਵਿੱਚ ਰਹਿਣ ਅਤੇ ਲਗਾਤਾਰ ਕੰਮ ਕਰਦੇ ਰਹਿਣ ਦੀ ਆਗਿਆ ਦੇਵੇਗਾ, ਜਦ ਤੱਕ ਕਿ ਤੁਸੀਂ ਆਪਣੇ ਦੇਸ਼ ਨੂੰ ਵਾਪਸ ਨਹੀਂ ਜਾ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਨਿਰਧਾਰਿਤ ਕੰਮ ਦੀਆਂ ਸ਼ਰਤਾਂ ਵੇਖੋ।

## ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਵੀਜ਼ਾਧਾਰਕ

ਜੇ ਤੁਸੀਂ ਆਪਣੇ ਆਪ ਦੀ ਸੰਭਾਲ ਨਹੀਂ ਕਰ ਸਕਦੇ, ਤਾਂ ਤੁਹਾਨੂੰ ਆਪਣੇ ਦੇਸ਼ ਵਾਪਸ ਜਾਣ ਦੇ ਪ੍ਰਬੰਧ ਕਰਨੇ ਚਾਹੀਦੇ ਹਨ।

ਜੇ ਤੁਸੀਂ ਇਸ ਵੇਲੇ ਦੇ ਆਪਣੇ ਰਹਿਣ ਦੇ ਖਰਚਿਆਂ ਨੂੰ ਪੂਰਾ ਕਰਨ ਦੇ ਯੋਗ ਨਹੀਂ ਹੋ, ਤਾਂ 2019-20 ਵਿੱਤੀ ਸਾਲ ਵਿੱਚ ਤੁਸੀਂ ਆਪਣੀ ਆਸਟ੍ਰੇਲੀਆ ਦੀ ਸੁਪਰਐਨੂਏਸ਼ਨ ਵਿੱਚੋਂ ਕਰ-ਮੁਕਤ 10,000 ਡਾਲਰ ਤੱਕ ਕਢਵਾਉਣ ਦੇ ਯੋਗ ਹੋ ਸਕਦੇ ਹੋ।

ਕਿਰਪਾ ਕਰਕੇ ਸੁਪਰਐਨੁਏਸ਼ਨ ਤੱਕ ਅਗਾਉਂ ਪਹੁੰਚ ਕਰਨ ਲਈ ਆਸਟ੍ਰੇਲੀਆ ਦੇ ਟੈਕਸ ਦਫਤਰ ਵੈਬ ਸਫੇ ਦਾ ਹਵਾਲਾ ਲਓ

## COVID-19 ਮਹਾਂਮਾਰੀ ਘਟਨਾ ਵੀਜ਼ਾ

ਜੇਕਰ ਆਸਟ੍ਰੇਲੀਆ ਵਿੱਚ ਤੁਹਾਡਾ WHM ਵੀਜ਼ਾ ਖਤਮ ਹੋ ਰਿਹਾ ਹੈ, ਤੁਸੀਂ ਨਾਜ਼ੁਕ ਖੇਤਰ ਵਿੱਚ ਕੰਮ ਨਹੀਂ ਕਰ ਰਹੇ ਹੋ, ਸਫਰ ਦੀਆਂ ਪਾਬੰਦੀਆਂ ਦੇ ਕਾਰਣ ਤੁਸੀਂ ਇਸ ਸਮੇਂ ਵਾਪਸ ਆਪਣੇ ਦੇਸ਼ ਨਹੀਂ ਜਾ ਸਕਦੇ ਹੋ ਅਤੇ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਹੋ, ਤੁਸੀਂ COVID-19 ਮਹਾਂਮਾਰੀ ਘਟਨਾ ਵੀਜ਼ੇ ਦੇ ਯੋਗ ਹੋ ਸਕਦੇ ਹੋ। ਤੁਹਾਨੂੰ ਇਹ ਵਿਖਾਉਣ ਦੀ ਲੋੜ ਹੋਵੇਗੀ ਕਿ ਕਿਉਂ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਹੋ। ਇਸ ਵਿੱਚ ਬਿਆਨ ਅਤੇ ਸਬੂਤ ਸ਼ਾਮਲ ਹੋ ਸਕਦੇ ਹਨ ਕਿ ਤੁਹਾਡੇ ਕੋਲ ਕਿਸੇ ਦੂਸਰੇ ਵੀਜ਼ੇ ਲਈ ਅਰਜ਼ੀ ਦੀ ਫੀਸ (VAC) ਦਾ ਭੁਗਤਾਨ ਕਰਨ ਲਈ ਕਾਫੀ ਰਕਮ ਤੱਕ ਪਹੁੰਚ ਨਹੀਂ ਹੈ।